**UNIVERSITY OF CALIFORNIA, SAN FRANCISCO**

# ਪ੍ਰਯੋਗ-ਅਧੀਨ ਪ੍ਰਤੀਭਾਗੀ ਦੇ
# ਹੱਕਾਂ ਦਾ ਬਿਲ

ਹੇਠਾਂ ਦਿੱਤੇ ਗਏ ਹੱਕ ਹਰ ਉਸ ਵਿਅਕਤੀ ਦੇ ਹੱਕ ਹਨ ਜਿਸਨੂੰ ਇੱਕ ਖੋਜ ਅਧਿਐਨ 'ਚ ਹਿੱਸਾ ਲੈਣ ਲਈ ਕਿਹਾ ਜਾਂਦਾ ਹੈ। ਪ੍ਰਯੋਗ-ਅਧੀਨ ਪ੍ਰਤੀਭਾਗੀ ਦੇ ਤੌਰ 'ਤੇ, ਤੁਹਾਡੇ ਕੋਲ ਹੇਠਾਂ ਦਿੱਤੇ ਹੱਕ ਹੁੰਦੇ ਹਨ:

1) ਇਹ ਦੱਸਿਆ ਜਾਣਾ ਕਿ ਅਧਿਐਨ ਕੀ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਿਹਾ ਹੈ,
2) ਇਹ ਦੱਸਿਆ ਜਾਣਾ ਕਿ ਮੇਰੇ ਨਾਲ ਕੀ ਹੋਵੇਗਾ ਅਤੇ ਕੋਈ ਪ੍ਰਕਿਰਿਆ, ਦਵਾ, ਜਾਂ ਉਪਕਰਨ ਮਿਆਰੀ ਅਮਲ 'ਚ ਵਰਤੀ ਜਾਣ ਵਾਲੀ ਪਰਕਿਰਿਆ, ਦਵਾ, ਜਾਂ ਉਪਕਰਨ ਤੋਂ ਵੱਖਰਾ ਹੈ ਜਾਂ ਨਹੀਂ,
3) ਅਜਿਹੇ ਕੰਮਾਂ ਦੇ ਆਮ ਅਤੇ/ਜਾਂ ਮਹੱਤਵਪੂਰਨ ਜੋਖਮਾਂ, ਮਾੜੇ ਅਸਰਾਂ, ਜਾਂ ਬੇਅਰਾਮੀਆਂ ਬਾਰੇ ਦੱਸਿਆ ਜਾਣਾ ਜੋ ਖੋਜ ਦੇ ਮਕਸਦ ਨਾਲ ਮੇਰੇ ਨਾਲ ਕੀਤੇ ਜਾਣਗੇ,
4) ਇਹ ਦੱਸਿਆ ਜਾਣਾ ਕਿ ਤੁਸੀਂ ਹਿੱਸਾ ਲੈਣ ਵਜੋਂ ਕਿਸੇ ਫ਼ਾਇਦੇ ਦੀ ਉਮੀਦ ਕਰ ਸਕਦਾ/ਸਕਦੀ ਹਾਂ ਜਾਂ ਨਹੀਂ, ਅਤੇ ਜੇ ਕਰ ਸਕਦਾ/ਸਕਦੀ ਹਾਂ ਤਾਂ ਕਿਹੜਾ ਲਾਭ ਹੋ ਸਕਦਾ ਹੈ,
5) ਤੁਹਾਡੇ ਕੋਲ ਉਪਲਬਧ ਵਿਕਲਪਾਂ ਬਾਰੇ ਦੱਸਿਆ ਜਾਣਾ ਅਤੇ ਅਧਿਐਨ ਵਿੱਚ ਹਿੱਸਾ ਲੈਣ ਦੇ ਮੁਕਾਬਲੇ ਉਹ ਬੇਹਤਰ ਜਾਂ ਬਦਤਰ ਕਿੰਝ ਹੋ ਸਕਦੇ ਹਨ,
6) ਅਧਿਐਨ 'ਚ ਸ਼ਾਮਲ ਹੋਣ ਲਈ ਸਹਿਮਤ ਹੋਣ ਤੋਂ ਪਹਿਲਾਂ ਅਤੇ ਉਸਦੀ ਮਿਆਰ ਦੇ ਦੌਰਾਨ ਅਧਿਐਨ ਨਾਲ ਸਬੰਧਤ ਕਿਸੇ ਸਵਾਲਾਂ ਨੂੰ ਪੁੱਛਣ ਦੀ ਇਜਾਜ਼ਤ ਮਿਲਣਾ,
7) ਇਸ ਬਾਰੇ ਦੱਸਿਆ ਜਾਣਾ ਕਿ ਕੋਈ ਜਟਿਲਤਾਵਾਂ ਪੈਦਾ ਹੋਣ ’ਤੇ ਕਿਸ ਕਿਸਮ ਦਾ ਚਿਕਿਤਸਕੀ ਇਲਾਜ ਉਪਲਬਧ ਹੈ,
8) ਹਿੱਸਾ ਲੈਣ ਤੋਂ ਬਿਲਕੁੱਲ ਇਨਕਾਰ ਕਰਨਾ ਜਾਂ ਅਧਿਐਨ ਸ਼ੁਰੂ ਹੋਣ ਤੋਂ ਬਾਅਦ ਹਿੱਸਾ ਲੈਣ ਬਾਰੇ ਆਪਣਾ ਵਿਚਾਰ ਬਦਲਣਾ। ਇਹ ਫ਼ੈਸਲਾ ਉਹ ਦੇਖਭਾਲ ਪ੍ਰਾਪਤ ਕਰਨ ਦੇ ਤੁਹਾਡੇ ਹੱਕ ’ਤੇ ਕੋਈ ਅਸਰ ਨਹੀਂ ਕਰੇਗਾ ਜੋ ਤੁਹਾਨੂੰ ਅਧਿਐਨ 'ਚ ਹਿੱਸਾ ਨਾ ਲੈਣ 'ਤੇ ਪ੍ਰਾਪਤ ਹੁੰਦੀ,
9) ਸਹਿਮਤੀ ਫਾਰਮ ਦੀ ਦਸਤਖ਼ਤ ਕੀਤੀ ਅਤੇ ਮਿਤੀ ਪਾਈ ਗਈ ਕਾਪੀ ਪ੍ਰਾਪਤ ਕਰਨਾ,
10) ਕੀ ਤੁਸੀਂ ਅਧਿਐਨ 'ਚ ਹਿੱਸਾ ਲੈਣ ਲਈ ਸਹਿਮਤ ਹੋ ਜਾਂ ਨਹੀਂ, ਇਸ ਬਾਰੇ ਸੋਚਦੇ ਹੋਏ ਦਬਾਉ ਤੋਂ ਮੁਕਤ ਹੋਣਾ।

ਤੁਹਾਡਾ ਅਧਿਐਨ ਡਾਕਟਰ ਤੁਹਾਨੂੰ ਦੱਸੇਗਾ ਕਿ, ਕੀ ਖੋਜ ਅਧਿਐਨ ਨੂੰ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ (ਐਫਡੀਏ) ਦੁਆਰਾ ਨਿਯੰਤ੍ਰਿਤ ਕੀਤਾ ਜਾਂਦਾ ਹੈ। ਜੇ ਇਹ ਅਧਿਐਨ ਫੈਡਰਲ ਫੂਡ, ਡਰੱਗ, ਐਂਡ ਕੋਸਮੈਟਿਕਸ ਐਕਟ (Federal Food, Drug, and Cosmetic Act, FD&C Act) ਦੇ ਤਹਿਤ ਐਫਡੀਏ ਦੁਆਰਾ ਨਿਯੰਤ੍ਰਿਤ ਹੈ, ਐਫਡੀਏ ਅਧਿਐਨ ਵਿੱਚ ਤੁਹਾਡੀ ਭਾਗੀਦਾਰੀ ਨਾਲ ਜੁੜੇ ਸਾਰੇ ਰਿਕਾਰਡਾਂ ਦੀ ਜਾਂਚ-ਪੜਤਾਲ ਕਰ ਸਕਦੇ ਹਨ ਅਤੇ ਨਕਲ ਕਰ ਸਕਦੇ ਹਨ।

---

ਜੇਕਰ ਤੁਹਾਡੇ ਕੋਈ ਹੋਰ ਸਵਾਲ ਹਨ ਤਾਂ ਤੁਹਾਨੂੰ ਖੋਜਕਾਰ ਜਾਂ ਖੋਜ ਸਹਾਇਕ ਤੋਂ ਪੁੱਛਣੇ ਚਾਹੀਦੇ ਹਨ। ਇਸਦੇ ਅਤਿਰਿਕਤ, ਤੁਸੀਂ ਸੰਸਥਾਗਤ ਸਮੀਖਿਆ ਬੋਰਡ (Institutional Review Board, IRB) ਨਾਲ ਸੰਪਰਕ ਕਰ ਸਕਦੇ ਹੋ, ਜੋ ਖੋਜ ਪਰਿਯੋਜਨਾਵਾਂ ਵਿੱਚ ਭਾਗੀਦਾਰਾਂ ਦੀ ਸੁਰੱਖਿਆ ਨਾਲ ਸਬੰਧਤ ਹੈ। ਤੁਸੀਂ ਆਈਆਰਬੀ ਦੇ ਦਫਤਰ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8:00 ਵਜੇ ਤੋਂ ਸ਼ਾਮ 5:00 ਵਜੇ: (415) 476-1814 ‘ਤੇ ਕਾਲ ਕਰਕੇ, ਜਾਂ UCSF Human

Research Protection Program, Box 1288, 490 Illinois Street, Floor 6, San Francisco, CA 94143, ‘ਤੇ ਚਿੱਠੀ ਪਾ ਕੇ ਜਾਂ irb@ucsf.edu ‘ਤੇ ਈਮੇਲ ਭੇਜ ਕੇ ਸੰਪਰਕ ਕਰ ਸਕਦੇ ਹੋ।

ਅਨੁਵਾਦਾਂ ਉੱਤੇ ਜਾਣਕਾਰੀ ਲਈ (415) 476-1814 ‘ਤੇ ਕਾਲ ਕਰੋ ਜਾਂ irb@ucsf.edu ‘ਤੇ ਈਮੇਲ ਕਰੋ।